# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

ਕੰਟਰੋਲਰ (ਪ੍ਰੀਖਿਆਵਾਂ) ਦਫ਼ਤਰ

ਨੰ. 3492 /ਸੀ.ਓ.ਈ.
ਮਿਤੀ 05/10/2020

## ਨੋਟੀਫਿਕੇਸ਼ਨ

ਵੱਖ-ਵੱਖ ਕੋਰਸਾਂ ਦੇ ਉਹ ਵਿਦਿਆਰਥੀ ਜੋ ਆਪਣੇ ਕਲਾਸ/ਕੋਰਸ ਦੇ ਈਵਨ ਸਮੈਸਟਰ ਲਈ ਮਈ, 2020 ਦੀ ਪ੍ਰੀਖਿਆ ਲਈ ਪ੍ਰੀਖਿਆ ਫਾਰਮ ਅਤੇ ਫ਼ੀਸ ਸਮੇਂ-ਸਿਰ ਨਹੀਂ ਭਰ ਸਕੇ ਸਨ ਅਤੇ ਇਹ ਪ੍ਰੀਖਿਆਵਾਂ ਦੇਣ ਤੋਂ ਵਾਂਝੇ ਰਹਿ ਗਏ ਹਨ ਜਾਂ ਪ੍ਰਮੋਟ ਹੋਣੋ ਰਹਿ ਗਏ ਹਨ, ਦੀ ਮੰਗ ਨੂੰ ਮੁਖ ਰੱਖਦਿਆਂ ਅਤੇ ਉਹਨਾਂ ਦੇ ਭਵਿੱਖ ਦੇ ਮੱਦੇ-ਨਜ਼ਰ ਯੂਨੀਵਰਸਿਟੀ ਵਲੋਂ ਫੈਸਲਾ ਕੀਤਾ ਗਿਆ ਹੈ ਕਿ ਇਨ੍ਹਾਂ ਵਿਦਿਆਰਥੀਆਂ ਨੂੰ ਪ੍ਰੀਖਿਆ ਦੇਣ ਲਈ ਇੱਕ ਮੌਕਾ ਦਿੱਤਾ ਜਾਵੇ। ਅਜਿਹੇ ਰੈਗੂਲਰ/ਪ੍ਰਾਈਵੇਟ/ਡਿਸਟੈਂਸ ਐਜੂਕੇਸ਼ਨ ਅਤੇ ਰੀ-ਅਪੀਅਰ ਵਿਦਿਆਰਥੀ ਜੋ ਇਸ ਮੌਕੇ ਦਾ ਲਾਭ ਲੈਣਾ ਚਾਹੁੰਦੇ ਹਨ, ਅਕਾਦਮਿਕ ਸੈਸ਼ਨ 2019-2020 ਦੇ even ਸਮੈਸਟਰ ਦੀ ਪ੍ਰੀਖਿਆ ਦੇਣ ਲਈ ਪ੍ਰੀਖਿਆ ਫਾਰਮ ਅਤੇ ਫ਼ੀਸ ਆਨਲਾਈਨ ਜਮ੍ਹਾਂ ਕਰਵਾ ਸਕਦੇ ਹਨ। ਜਿਨ੍ਹਾਂ ਵਿਦਿਆਰਥੀਆਂ ਦੇ ਪੂਰੇ ਪੇਪਰ ਜਾਂ ਰੀ-ਅਪੀਅਰ ਦੀ ਪ੍ਰੀਖਿਆ ਪਾਸ ਕਰਨ ਲਈ ਮੌਕਾ ਰਹਿੰਦਾ ਹੈ, ਉਹਨਾਂ ਦੁਆਰਾ ਪ੍ਰੀਖਿਆ ਫ਼ੀਸ + ਮੌਕਾ ਫ਼ੀਸ (20,000/-ਰੁਪਏ) ਭਰਨੀ ਹੋਵੇਗੀ। ਜਿਨ੍ਹਾਂ ਵਿਦਿਆਰਥੀ ਦੇ ਮਈ, 2020 ਦੀਆਂ ਪ੍ਰੀਖਿਆਵਾਂ ਵਿੱਚ ਪ੍ਰੀਖਿਆ ਦੇਣ ਦੇ ਮੌਕੇ ਖ਼ਤਮ ਹੋ ਗਏ ਹਨ, ਅਜਿਹੇ ਵਿਦਿਆਰਥੀਆਂ ਨੂੰ ਪ੍ਰੀਖਿਆ ਫ਼ੀਸ + ਮੌਕਾ ਫ਼ੀਸ (20,000/-ਰੁਪਏ)+ ਬਣਦੇ ਸਪੈਸ਼ਲ ਚਾਂਸ ਦੀ ਫ਼ੀਸ ਭਰਨੀ ਹੋਵੇਗੀ। ਰੈਗੂਲਰ ਵਿਦਿਆਰਥੀ ਆਪਣੇ ਪ੍ਰੀਖਿਆ ਫਾਰਮ ਅਤੇ ਫ਼ੀਸ ਸਬੰਧਿਤ ਵਿਭਾਗ/ਕਾਲਜ ਰਾਹੀਂ ਭਰਨਗੇ। ਜੇਕਰ ਵਿਦਿਆਰਥੀ ਬਣਦੀ ਪੂਰੀ ਫ਼ੀਸ ਨਹੀਂ ਅਦਾ ਕਰਦਾ ਹੈ ਤਾਂ ਉਸਦਾ ਨਤੀਜਾ ਘੋਸ਼ਿਤ ਨਹੀਂ ਕੀਤਾ ਜਾਵੇਗਾ। ਸਾਰੇ ਵਿਦਿਆਰਥੀ ਆਪਣਾ ਪ੍ਰੀਖਿਆ ਫਾਰਮ ਅਤੇ ਫ਼ੀਸ ਯੂਨੀਵਰਸਿਟੀ ਵੈਬਸਾਈਟ ਤੇ ਮਿਤੀ 09.10.2020 ਨੂੰ ਸਵੇਰੇ 11.00 ਵਜੇ ਤੋਂ ਆਨਲਾਈਨ ਭਰ ਸਕਣਗੇ। ਸਾਰੇ ਵਿਦਿਆਰਥੀਆਂ ਲਈ ਪ੍ਰੀਖਿਆ ਫਾਰਮ ਅਤੇ ਬਣਦੀ ਪ੍ਰੀਖਿਆ ਫ਼ੀਸ ਭਰਨ ਲਈ ਅੰਤਿਮ ਮਿਤੀ 25 ਅਕਤੂਬਰ, 2020 ਤੱਕ ਨਿਰਧਾਰਿਤ ਕੀਤੀ ਗਈ ਹੈ। ਇਹ ਸਾਰੇ ਵਿਦਿਆਰਥੀ ਦੀ ਜਾਣਕਾਰੀ ਹਿੱਤ ਹੈ।

5/10/2020

ਕੰਟਰੋਲਰ (ਪ੍ਰੀਖਿਆਵਾਂ)
ਕੰਟਰੋਲਰ (ਪਰੀਖਿਆਵਾਂ)
ਪੰਜਾਬੀ ਯੂਨੀਵਰਸਿਟੀ,
ਪਟਿਆਲਾ